Alberta

ਨਿਊਜ਼ ਰਿਲੀਜ਼

# ਐਲਬਰਟਾ ਲਈ ਇਕ ਚੰਗੇਰਾ ਭਵਿੱਖ ਸਿਰਜਣਾ

12 ਮਾਰਚ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਨੇ ਇਕ ਵਿਧਾਨ ਲਿਆਂਦਾ ਹੈ ਜਿਹੜਾ ਬੱਜਟ 2024 ਦੇ ਮੁੱਖ ਅੰਗਾਂ ਨੂੰ ਐਲਬਰਟਾ ਦੇ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਦੇ ਨਾਲ ਨਾਲ ਆਰਥਿਕ ਵਾਧੇ 'ਚ ਸਹਾਇਤਾ ਕਰਨ ਦੀ ਆਗਿਆ ਦੇਵੇਗਾ।

ਐਲਬਰਟਾ ਕੈਨੇਡਾ ਦਾ ਆਰਥਿਕ ਇੰਜਨ ਬਣਿਆਂ ਹੋਇਆ ਹੈ, ਜਦੋਂ ਕਿ ਸੂਬਾ ਪ੍ਰਫੁੱਲਤ ਹੋਣਾ ਜਾਰੀ ਰੱਖਦਿਆਂ ਹੋਇਆਂ ਪੂੰਜੀ-ਨਿਵੇਸ਼ ਨੂੰ ਖਿੱਚ ਰਿਹਾ ਅਤੇ ਨੌਕਰੀਆਂ ਪੈਦਾ ਕਰ ਰਿਹਾ ਹੈ। ਫਾਇਨੈਂਸ਼ੀਅਲ ਸਟੈਚਿਊਟਸ ਅਮੈਂਡਮੈਂਟ ਐਕਟ 2024 'ਚ ਸੁਝਾਈਆਂ ਗਈਆਂ ਸੋਧਾਂ ਲੇਬਰ ਕਮੀਆਂ ਨੂੰ ਪੂਰੀਆਂ ਕਰਨ ਲਈ ਪ੍ਰਤਿਭਾ ਖਿੱਚਣ, ਫਿਲਮ ਅਤੇ ਟੈਲੀਵਿਜ਼ਨ ਉਦਯੋਗ 'ਚ ਮੁਕਾਬਲੇਬਾਜ਼ੀ ਨੂੰ ਬੜ੍ਹਾਵਾ ਦੇਣ, ਸਰਕਾਰ ਦੀ ਫਾਇਨੈਂਸ਼ੀਅਲ ਰਿਪੋਰਟਿੰਗ 'ਚ ਲਚਕਤਾ ਵਧਾਉਣ, ਉਦਯੋਗਾਂ ਦਰਮਿਆਨ ਪੂੰਜੀ-ਨਿਵੇਸ਼ ਨੂੰ ਖਿੱਚਣ ਅਤੇ ਬੱਜਟ 2024 ਦੀਆਂ ਵਚਨਬਧਤਾਵਾਂ ਨੂੰ ਪੂਰੀਆਂ ਕਰਨ ਖਾਤਰ ਹੋਰ ਜ਼ਰੂਰੀ ਤਬਦੀਲੀਆਂ ਨੂੰ ਲਾਗੂ ਕਰਨ 'ਚ ਮਦਦ ਕਰਨਗੀਆਂ।

ਵਿੱਤੀ ਫਰੇਮਵਰਕ ਅਤੇ ਵਿੱਤੀ ਰਿਪੋਰਟਿੰਗ 'ਚ ਸੁਝਾਈਆਂ ਗਈਆਂ ਸੋਧਾਂ ਸਰਕਾਰ ਨੂੰ ਖਰਚਿਆਂ ਦੇ ਜ਼ਿੰਮੇਵਾਰਾਨਾਂ ਫੈਸਲੇ ਬਣਾਉਣ 'ਚ ਸਹਾਇਤਾ ਕਰਨਗੀਆਂ। ਇਹ ਤਬਦੀਲੀਆਂ ਐਲਬਰਟਾ ਨਿਵਾਸੀਆਂ ਲਈ ਪਾਰਦਰਸ਼ੀ ਵਿੱਤੀ ਰਿਪੋਰਟਿੰਗ ਬਣਾਈ ਰੱਖਣ ਲਈ ਸਪੱਸ਼ਟਤਾ 'ਚ ਵਾਧਾ ਅਤੇ ਨਿਪੁੰਨਤਾ 'ਚ ਸੁਧਾਰ ਲਿਆਉਣਗੀਆਂ। ਐਲਬਰਟਾ ਕਾਰਬਨ ਕੈਪਚਰ ਇੰਨਸੈਂਟਿਵ ਪ੍ਰੋਗਰਾਮ ਨਾਲ ਸਬੰਧਤ ਤਬਦੀਲੀਆਂ ਸਰਕਾਰ ਨੂੰ ਉੱਭਰ ਰਹੇ ਨਵੀਨਤਾਕਾਰਾਂ ਨੂੰ ਮਦਦ ਪ੍ਰਦਾਨ ਕਰਨ ਦੇ ਯੋਗ ਬਣਾਉਣਗੀਆਂ ਜਿਹੜੇ ਅਜਿਹੇ ਪ੍ਰਾਜੈਕਟਾਂ ਦੀਆਂ ਯੋਜਨਾਵਾਂ ਬਣਾ ਰਹੇ ਹਨ ਜੋ ਸੂਬੇ 'ਚ ਪ੍ਰਦੂਸ਼ਣ ਨੂੰ ਹੋਰ ਵਧੇਰੇ ਘਟਾਉਣਗੇ।

"ਬੱਜਟ 2024 ਅੱਜ ਅਤੇ ਭਲਕ ਲਈ ਬਣਾਇਆ ਗਿਆ ਹੈ। ਇਹ ਵਿਧਾਨ ਸਾਨੂੰ ਬਹੁਤ ਲੋੜੀਂਦੀ ਪ੍ਰਗਤੀ ਕਰਨ ਅਤੇ ਸੂਬੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਹੋਰ ਵਧੇਰੇ ਆਰਥਿਕ ਕਾਮਯਾਬੀ ਅਤੇ ਵਿੱਤੀ ਸਥਿਰਤਾ ਦੀ ਸਥਿੱਤੀ 'ਚ ਪੁਚਾਉਣ ਲਈ ਆਗਿਆ ਦੇਵੇਗਾ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

ਐਲਬਰਟਾ ਸਰਕਾਰ ਨੇ ਇੰਡਸਟਰੀ ਤੋਂ ਸੁਣਿਆਂ ਹੈ ਕਿ ਆਰਥਿਕਤਾ ਨੂੰ ਅਗਾਂਹ ਵੱਲ ਨੂੰ ਤੁਰਦਿਆਂ ਰੱਖਣ ਲਈ ਵਧੇਰੇ ਹੁਨਰਮੰਦ ਲੇਬਰ ਦੀ ਜ਼ਰੂਰਤ ਹੈ। ਐਲਬਰਟਾ ਇਜ਼ ਕਾਲਿੰਗ ਐਟਰੈਕਸ਼ਨ ਬੋਨਸ ਸੂਬੇ ਦੀ ਵਧ ਫੁਲ ਰਹੀ ਅਤੇ ਵਿਭਿੰਨ

ਪ੍ਰਕਾਰ ਦੀ ਆਰਥਿਕਤਾ ਦੀ ਸਹਾਇਤਾ ਕਰਨ ਲਈ ਵਧੇਰੇ ਪ੍ਰਤਿਭਾ ਨੂੰ ਖਿੱਚਣ 'ਚ ਮਦਦ ਕਰੇਗਾ। ਐਲਬਰਟਾ ਇਜ਼ ਕਾਲਿੰਗ ਐਟਰੈਕਸ਼ਨ ਬੋਨਸ ਨੂੰ ਸ਼ੁਰੂ ਕਰਨ ਲਈ ਐਲਬਰਟਾ ਪ੍ਰਸਨਲ ਇੰਨਕਮ ਟੈਕਸ ਐਕਟ 'ਚ ਸੰਸ਼ੋਧਨ ਕਰਨਾਂ ਲੇਬਰ ਦੀ ਕਮੀ ਨੂੰ ਹੱਲ ਕਰਨ ਲਈ ਚੋਣ ਮੁਹਿੰਮ 'ਚ ਕੀਤੇ ਮਹੱਤਵਪੂਰਨ ਵਾਅਦੇ ਨੂੰ ਪੂਰਾ ਕਰਨਾਂ ਹੋਵੇਗਾ। ਇਹ ਇਕ-ਸਮੇਂ ਮਿਲਣ ਵਾਲਾ 5,000 ਡਾਲਰ ਦਾ ਮੁੜਨਯੋਗ ਟੈਕਸ ਕਰੈਡਿਟ ਸੂਬੇ ਤੋਂ ਬਾਹਰਲੇ ਨੌਕਰੀਆਂ ਲੱਭਣ ਵਾਲੇ ਲੋਕਾਂ ਨੂੰ ਟਰੇਡਾਂ 'ਚ ਆਪਣਾ ਕਰੀਅਰ ਲੱਭਣ ਲਈ ਐਲਬਰਟਾ  'ਚ ਆ ਵੱਸਣ ਲਈ ਇਕ ਮਨੋ-ਲੁਭਾਵਾ ਬਣੇਗਾ, ਜੋ ਸੂਬੇ ਭਰ 'ਚ ਨੌਕਰੀਆਂ ਪੈਦਾ ਕਰਨ ਨੂੰ ਉਤੇਜਿਤ ਕਰੇਗਾ।

“ਜਿਵੇਂ ਕਿ ਵਿਸ਼ਵ ਪੱਧਰ ਦੀਆਂ ਕੰਪਨੀਆਂ ਐਲਬਰਟਾ 'ਚ ਪੂੰਜੀ-ਨਿਵੇਸ਼ ਕਰਨ ਅਤੇ ਫੈਲਾਉ ਦੀ ਚੋਣ ਕਰਨਾਂ ਜਾਰੀ ਰੱਖ ਰਹੀਆਂ ਹਨ, ਐਲਬਰਟਾ ਇਜ਼ ਕਾਲਿੰਗ ਸਕਿੱਲਡ ਟਰੇਡਜ਼ ਐਟਰੈਕਸ਼ਨ ਬੋਨਸ ਇਹ ਯਕੀਨੀ ਬਣਾਉਣ 'ਚ ਮਦਦ ਕਰੇਗਾ ਕਿ ਸਾਡੇ ਕੋਲ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨ ਲਈ ਲੋੜੀਂਦੀ ਵਰਕਫੋਰਸ ਹੈ ਅਤੇ ਇਹ ਸਾਡੀ ਆਰਥਿਕ ਗਤੀ ਨੂੰ ਜਾਰੀ ਰੱਖੇਗਾ।"

*Matt Jones, ਮਿਨਿਸਟਰ ਆਫ ਜੌਬਜ਼, ਇਕਾਨਮੀ ਐਂਡ ਟਰੇਡ*

ਐਲਬਰਟਾ ਦੀ ਸਰਕਾਰ ਨੇ 2023 ਦੀ ਬਹਾਰ ਰੁੱਤੇ ਐਗਰੀ-ਪ੍ਰੋਸੈਸਿੰਗ ਇੰਨਵੈਸਟਮੈਂਟ ਟੈਕਸ ਕਰੈਡਿਟ ਪ੍ਰੋਗਰਾਮ ਚਾਲੂ ਕੀਤਾ ਸੀ ਅਤੇ ਇਹ ਪਹਿਲਾਂ ਹੀ ਮੁੱਲ-ਵਰਧਕ ਐਗਰੀਕਲਚਰਲ ਮੈਨੂਫੈਕਚਰਿੰਗ 'ਚ ਵੱਡੇ ਪੱਧਰ ਦੇ ਪੂੰਜੀ-ਨਿਵੇਸ਼ ਨੂੰ ਖਿੱਚ ਰਿਹਾ ਹੈ। ਫਾਇਨੈਂਸ਼ੀਅਲ ਸਟੈਚਿਊਟਸ ਅਮੈਂਡਮੈਂਟ ਐਕਟ, 2024 ਨਿਵੇਸ਼ਕਾਰਾਂ ਨੂੰ ਅਰਜ਼ੀ ਦੇਣ ਅਤੇ ਐਲਬਰਟਾ ਦੇ ਮੁਕਾਬਲੇਯੋਗ ਫਾਇਦਿਆਂ ਦੇ ਆਧਾਰ 'ਤੇ ਸ਼ਾਪ ਸਥਾਪਤ ਕਰਨ ਨੂੰ ਸੌਖਿਆਂ ਬਣਾਉਣ ਦੁਆਰਾ ਪ੍ਰੋਗਰਾਮ 'ਚ ਹੋਰ ਸੁਧਾਰ ਕਰੇਗਾ।

“ਫੂਡ ਅਤੇ ਐਗਰੀਕਲਚ ਪ੍ਰਾਸੈਸਿੰਗ ਉਦਯੋਗ ਸਾਡੇ ਸੂਬੇ 'ਚ ਇਕ ਮਹੱਤਵਪੂਰਨ ਆਰਥਿਕਤਾ ਚਾਲਕ ਹੈ। ਬਿੱਲ 10 ਐਗਰੀ-ਪ੍ਰਾਸੈਸਿੰਗ ਇੰਨਵੈਸਟਮੈਂਟ ਟੈਕਸ ਕਰੈਡਿਟ ਪ੍ਰੋਗਰਾਮ 'ਚ ਸੁਧਾਰ ਲਿਆਵੇਗਾ ਅਤੇ ਨਿਵੇਸ਼ਕਾਰਾਂ ਨੂੰ ਇਸ਼ਾਰਾ ਦੇਵੇਗਾ ਕਿ ਐਲਬਰਟਾ ਬਿਜ਼ਨਸ ਕਰਨ ਲਈ ਇਕ ਮਿੱਤਰਭਾਵੀ ਅਤੇ ਪ੍ਰਤਿਯੋਗੀ ਸਥਾਨ ਹੈ ਅਤੇ ਇਹ ਫੂਡ ਅਤੇ ਐਗਰੀ-ਪ੍ਰਾਸੈਸਿੰਗ 'ਚ ਨਵੀਂਆਂ ਨੌਕਰੀਆਂ ਪੈਦਾ ਕਰੇਗਾ।”

*RJ Sigurdson, ਮਿਨਿਸਟਰ ਆਫ ਐਗਰੀਕਲਚਰ ਐਂਡ ਇਰੀਗੇਸ਼ਨ*

ਜੇਕਰ ਪਾਸ ਹੋ ਜਾਂਦਾ ਹੈ, ਫਾਇਨੈਂਸ਼ੀਅਲ ਸਟੈਚਿਊਟਸ ਅਮੈਂਡਮੈਂਟ ਐਕਟ, 2024 ਐਲਬਰਟਾ ਦੇ ਫਿਲਮ ਐਂਡ ਟੈਲੀਵਿਜ਼ਨ ਟੈਕਸ ਕਰੈਡਿਟ ਪ੍ਰੋਗਰਾਮ ਨੂੰ ਵੀ ਅੱਪਡੇਟ ਕਰੇਗਾ, ਜਿਹੜਾ ਐਲਬਰਟਾ 'ਚ ਫਿਲਮਾਂ ਦੇ ਵਧੇਰੇ ਨਿਰਮਾਣ ਨੂੰ ਖਿੱਚੇਗਾ ਅਤੇ ਆਰਥਿਕ ਵਾਧੇ ਅਤੇ ਕਾਮਯਾਬੀ ਨੂੰ ਚਲਾਉਣਾ ਜਾਰੀ ਰੱਖੇਗਾ। ਵੱਡੀ ਪੱਧਰ ਦੇ ਨਿਰਮਾਣਾਂ ਵਾਸਤੇ ਸਾਡੇ ਸੂਬੇ ਨੂੰ ਚੁਣੇ ਜਾਣਾ ਨੌਕਰੀਆਂ ਪੈਦਾ ਕਰੇਗਾ ਅਤੇ ਐਲਬਰਟਾ ਭਰ 'ਚ ਆਰਥਿਕ ਵਾਧੇ ਨੂੰ ਬੜ੍ਹਾਵਾ ਦੇਵੇਗਾ।

ਐਲਬਰਟਾ ਦੀ ਵੱਡੀ ਵੱਸੋਂ ਦਹਾਕਿਆਂ ਦੇ ਵਾਧੇ ਨਾਲੋਂ ਤੇਜ਼ੀ ਨਾਲ ਵਧ ਰਹੀ ਹੈ। ਲੈਂਡ ਟਾਈਟਲ ਰਜਿਸਟ੍ਰੇਸ਼ਨ ਲੈਵੀ ਲੈਂਡ ਟਾਈਟਲ ਆਫਿਸ ਦੇ ਆਧੁਨਿਕੀਕਰਨ 'ਚ ਮਦਦ ਕਰੇਗੀ, ਜੋ ਇਸ ਨੂੰ ਵਧੇਰੇ ਨਿਪੁੰਨ ਬਣਾਏਗਾ ਅਤੇ ਨਵੇਂ ਰਿਹਾਇਸ਼ੀ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਸ਼ੁਰੂ ਕਰਨ ਦੀ ਆਗਿਆ ਦੇਵੇਗਾ, ਜਦੋਂ ਕਿ ਇਹ ਪ੍ਰਾਪਰਟੀ ਦੇ ਤੇਜ਼ ਤਬਾਦਲੇ ਅਤੇ ਰਜਿਸਟ੍ਰੇਸ਼ਨ ਨੂੰ ਯਕੀਨੀ ਬਣਾਵੇਗਾ।

ਅੰਤ 'ਚ, ਐਲਬਰਟਾ ਨਿਵਾਸੀਆਂ ਦੀ ਸਿਹਤ ਨੂੰ ਸਹਾਇਤਾ ਦੇਣ ਲਈ ਸੁਝਾਇਆ ਗਿਆ ਵਿਧਾਨ ਤੰਬਾਕੂ ਟੈਕਸ ਦਰ ਨੂੰ 27.5 ਸੈਂਟ ਪ੍ਰਤਿ ਸਿਗਰਟ ਤੋਂ 30 ਸੈਂਟ ਪ੍ਰਤਿ ਸਿਗਰਟ ਤੱਕ ਵਧਾਵੇਗਾ ਅਤੇ ਧੂੰਆਂ ਰਹਿਤ ਤੰਬਾਕੂ ਪ੍ਰਤਿ ਗਰਾਮ ਦਰ ਨੂੰ 27.5 ਸੈਂਟ ਤੋਂ 35 ਸੈਂਟ ਤੱਕ ਵਧਾਵੇਗਾ। ਇਹ ਤਬਦੀਲੀ ਸਿਗਰਟਨੋਸ਼ੀ ਅਤੇ ਦੂਜੈਲੀ ਪੱਧਰ ਦੇ ਧੂੰਏਂ, ਵਿਸ਼ੇਸ਼ ਕਰਕੇ ਨੌਜੁਆਨਾਂ ਅੰਦਰ, ਦੇ ਨੁਕਸਾਨਾਂ ਨੂੰ ਘਟਾਉਣ ਲਈ ਸੂਬੇ ਦੀ ਤੰਬਾਕੂ ਅਤੇ ਵੇਪਿੰਗ ਘਟਾਊ ਰਣਨੀਤੀ ਦੀ ਵੀ ਸਹਾਇਤਾ ਕਰੇਗੀ।

ਬਿੱਲ ਵਿਚਲੇ ਸੰਸ਼ੋਧਨ ਦੇ ਮੁਕੰਮਲ ਵਿਸਥਾਰ ਆਨਲਾਈਨ ਉਪਲਬਧ ਹਨ।

*ਬੱਜਟ 2024, ਐਲਬਰਟਾ ਸਰਕਾਰ ਦੇ ਮੁਕਾਬਲਤਨ ਫਾਇਦੇ ਨੂੰ ਬਣਾਉਣਾ ਜਾਰੀ ਰੱਖਣ ਵਾਸਤੇ ਸਿਹਤ ਸੰਭਾਲ ਅਤੇ ਸਿੱਖਿਆ ਨੂੰ ਮਜ਼ਬੂਤ ਕਰਨ, ਸੁਰੱਖਿਅਤ ਅਤੇ ਸਹਿਯੋਗੀ ਕਮਿਊਨਿਟੀਆਂ ਉਸਾਰਨ, ਸੂਬੇ ਦੇ ਸਰੋਤਾਂ ਨੂੰ ਸਿਆਣਪ ਸਹਿਤ ਵਰਤਣ ਅਤੇ ਨੌਕਰੀਆਂ ਪੈਦਾ ਕਰਨ ਨੂੰ ਬੜ੍ਹਾਵਾ ਦੇਣ ਦੀ ਇਕ ਜ਼ਿੰਮੇਵਾਰਾਨਾਂ ਪ੍ਰਕਾਰ ਦੀ ਯੋਜਨਾਂ ਹੈ।*

## ਸਬੰਧਤ ਜਾਣਕਾਰੀ

- ਬੱਜਟ 2024
- ਇੰਪਲੀਮੈਂਟਿੰਗ ਬੱਜਟ 2024
- ਬਿੱਲ 10: ਫਾਇਨੈਂਸ਼ੀਅਲ ਸਟੈਚਿਊਟਸ ਅਮੈਂਡਮੈਂਟ ਐਕਟ, 2024

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ
- ਨਿਊਜ਼ ਕਾਨਫਰੰਸ ਨੂੰ ਸੁਣੋ

## ਮੀਡੀਆ ਇੰਨਕੁਆਰੀਆਂ

### Savannah Johannsen

780-686-3521
ਪ੍ਰੈੱਸ ਸੈਕਰੇਟਰੀ, ਟ੍ਰਈਜ਼ਰੀ ਬੋਰਡ ਐਂਡ ਫਾਇਨੈਂਸ